Alberta

# ਨਿਊਜ਼ ਰਿਲੀਜ਼

## ਬੱਜਟ 2029: ਉਨ੍ਹਾਂ ਚੀਜ਼ਾਂ ਨੂੰ ਮਜ਼ਬੂਤ ਕਰਨਾਂ ਜੋ ਮਾਅਨੇ ਰੱਖਦੀਆਂ ਹਨ

26 ਫਰਵਰੀ, 2026

---

ਬੱਜਟ 2026 ਉਨ੍ਹਾਂ ਚੀਜ਼ਾਂ ਨੂੰ ਮਜ਼ਬੂਤ ਕਰਦਾ, ਜੋ ਮਾਅਨੇ ਰੱਖਦੀਆਂ ਹਨ- ਮੁੜ-ਸਥਾਪਨ ਵਾਲੀਆਂ ਕਮਿਊਨਿਟੀਆਂ, ਇੱਕ ਵਿਭਿੰਨਤਾ ਵਾਲੀ ਅਰਥਵਿਵਸਥਾ ਅਤੇ ਮੌਕੇ ਜੋ ਨੌਕਰੀਆਂ ਦਾ ਸਮਰਥਨ ਕਰਦੇ ਹਨ ਅਤੇ ਐਲਬਰਟਾ ਐਡਵਾਂਟੇਜ ਨੂੰ ਵਧਾਉਂਦੇ ਹਨ।

ਬੱਜਟ 2026 ਵਿੱਚ ਐਲਬਰਟਾ ਦੀ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ ਕਈ ਬਿਲੀਅਨ ਡਾਲਰਾਂ ਦੇ ਪੂੰਜੀ-ਨਿਵੇਸ਼ ਸ਼ਾਮਲ ਹਨ।

ਐਲਬਰਟਾ ਔਸਤ ਹਫ਼ਤਾਵਾਰੀ ਕਮਾਈ, ਪ੍ਰਤੀ ਵਿਅਕਤੀ GDP ਅਤੇ ਮਜ਼ਬੂਤ ਵਪਾਰਕ ਪੂੰਜੀ-ਨਿਵੇਸ਼ ਵਿੱਚ ਕੈਨੇਡਾ ਵਿੱਚ ਸਭ ਤੋਂ ਅੱਗੇ ਚੱਲਣਾ ਜਾਰੀ ਰੱਖਦਾ ਹੈ। ਹਾਲਾਂਕਿ, ਆਬਾਦੀ ਦੇ ਵਧਣ ਅਤੇ ਗਲੋਬਲ ਮਾਰਕੀਟ ਦੀ ਅਨਿਸ਼ਚਿਤਤਾ ਦੇ ਕਾਰਨ, ਪਰਿਵਾਰਾਂ 'ਤੇ ਰਹਿਣ-ਸਹਿਣ ਦੇ ਵਧਦੇ ਖਰਚਿਆਂ ਅਤੇ ਗਰੌਸਰੀ ਅਤੇ ਊਰਜਾ ਦੇ ਜ਼ਿਆਦਾ ਖਰਚਿਆਂ ਦਾ ਦਬਾਅ ਬਣਿਆ ਹੋਇਆ ਹੈ।

ਐਲਬਰਟਾ ਸਰਕਾਰ ਨੌਕਰੀਆਂ ਬਚਾਉਣ, ਕਮਿਊਨਿਟੀਆਂ ਦੀ ਸਹਾਇਤਾ ਕਰਨ ਅਤੇ ਲੰਬੇ ਸਮੇਂ ਦੇ ਆਰਥਿਕ ਵਿਕਾਸ ਦੀ ਨੀਂਹ ਨੂੰ ਮਜ਼ਬੂਤ ਕਰਨ ਲਈ ਇੱਕ ਅਨੁਸ਼ਾਸਿਤ ਪਹੁੰਚ ਅਪਣਾ ਰਹੀ ਹੈ। ਬੱਜਟ 2026 ਪੂੰਜੀ-ਨਿਵੇਸ਼ ਲਈ ਹਾਲਾਤ ਬਣਾਉਣ, ਵਧੇਰੇ ਹੁਨਰਮੰਦ ਕਾਮਿਆਂ ਨੂੰ ਸਿਖਲਾਈ ਦੇਣ, ਮਿਊਂਸਪੈਲਿਟੀਆਂ ਦੀ ਮਦਦ ਕਰਨ ਅਤੇ ਐਲਬਰਟਾ ਦੇ ਊਰਜਾ ਖੇਤਰ ਦੇ ਜ਼ਿੰਮੇਵਾਰ ਵਿਕਾਸ ਨੂੰ ਉੱਨਤ ਕਰਨ 'ਤੇ ਕੇਂਦਰਿਤ ਕਰਦਾ ਹੈ।

"ਬੱਜਟ 2026 ਐਲਬਰਟਾ ਵਾਸੀਆਂ ਨੂੰ ਚੰਗੀਆਂ ਨੌਕਰੀਆਂ ਲੱਭਣ ਵਿੱਚ ਮਦਦ ਕਰਨ ਅਤੇ ਇਹ ਯਕੀਨੀ ਬਣਾਉਣ 'ਤੇ ਕੇਂਦਰਿਤ ਹੈ ਕਿ ਸਾਡੇ ਬੱਚਿਆਂ ਨੂੰ ਅੱਗੇ ਹੋਰ ਵੀ ਵੱਡੇ ਮੌਕੇ ਮਿਲਣ। ਇੱਥੇ ਪੂੰਜੀ-ਨਿਵੇਸ਼ ਕਰਨ ਵਾਲੇ ਕਾਰੋਬਾਰਾਂ ਦਾ ਸਮਰਥਨ ਕਰਕੇ, ਸਾਡੀਆਂ ਮਿਊਂਸਪੈਲਿਟੀਆਂ ਨੂੰ ਮਜ਼ਬੂਤ ਕਰਕੇ ਅਤੇ ਅਨੁਸ਼ਾਸਿਤ ਵਿੱਤੀ ਵਿਕਲਪ ਬਣਾ ਕੇ, ਅਸੀਂ ਲੰਬੇ ਸਮੇਂ ਦੀ ਸਥਿਰਤਾ ਅਤੇ ਸਫਲਤਾ ਲਈ ਹਾਲਤਾਂ ਬਣਾ ਰਹੇ ਹਾਂ।"

*Nate Horner, ਪ੍ਰੈਜ਼ੀਡੈਂਟ ਆਫ ਟ੍ਰਇਜ਼ਰੀ ਬੋਰਡ ਐਂਡ ਮਿਨਿਸਟਰ ਆਫ ਫਾਇਨੈਂਸ*

**ਬੱਜਟ 2026 ਦੇ ਮੁੱਖ ਅੰਸ਼:**

**ਇੱਕ ਮਜ਼ਬੂਤ  ਵਰਕਫੋਰਸ ਦਾ ਸਮਰਥਨ ਕਰਨਾ**

ਬੱਜਟ 2026 ਉਸ ਹੁਨਰਮੰਦ ਵਰਕਫੋਰਸ ਨੂੰ ਆਕਰਸ਼ਿਤ ਕਰਨ ਅਤੇ ਵਿਕਸਤ ਕਰਨ ਵਿੱਚ, ਜਿਸਦੀ ਐਲਬਰਟਾ ਨੂੰ ਲੋੜ ਹੈ, ਹੇਠ ਲਿਖਿਆਂ ਸਹਿਤ ਮਦਦ ਕਰਦਾ ਹੈ:

- ਵੱਧ ਰਹੀ ਅਰਥਵਿਵਸਥਾ ਦੀਆਂ ਮੰਗਾਂ ਨੂੰ ਪੂਰਾ ਕਰਨ ਲਈ ਹੁਨਰਮੰਦ ਕਾਮਿਆਂ ਨੂੰ ਖਿੱਚਣ ਅਤੇ ਵਿਕਸਤ ਕਰਨ ਵਿੱਚ ਮਦਦ ਕਰਨ ਵਾਸਤੇ 2026-27 ਵਿੱਚ ਹੁਨਰ ਅਤੇ ਟਰੇਨਿੰਗ ਪ੍ਰੋਗਰਾਮਾਂ ਅਤੇ ਵਰਕਫੋਰਸ ਪਹਿਲਕਦਮੀਆਂ ਲਈ 115 ਮਿਲੀਅਨ ਡਾਲਰ।
- 2026-27 ਵਿੱਚ ਕਰੀਅਰ ਅਤੇ ਰੁਜ਼ਗਾਰ ਸੇਵਾਵਾਂ ਲਈ 246 ਮਿਲੀਅਨ ਡਾਲਰ, ਜਿਸ ਵਿੱਚ ਵਧੇਰੇ ਲੋਕਾਂ ਨੂੰ ਲਾਭਦਾਇਕ ਰੁਜ਼ਗਾਰ ਲੱਭਣ ਅਤੇ ਬਰਕਰਾਰ ਰੱਖਣ ਵਿੱਚ ਮਦਦ ਕਰਨ ਲਈ ਕਰੀਅਰ ਅਤੇ ਰੁਜ਼ਗਾਰ ਸੇਵਾਵਾਂ ਲਈ 80 ਮਿਲੀਅਨ ਡਾਲਰ ਸ਼ਾਮਲ ਹਨ।

- 125 ਮਿਲੀਅਨ ਡਾਲਰ, ਜਾਂ ਤਿੰਨ ਸਾਲਾਂ ਵਿੱਚ 385 ਮਿਲੀਅਨ ਡਾਲਰ, ਇਨੋਵੇਸ਼ਨ ਐਂਪਲਾਇਮੈਂਟ ਗਰਾਂਟ ਪ੍ਰੋਗਰਾਮ ਲਈ, ਟੈੱਕ ਐਂਟਰਪ੍ਰਨਿਓਰ ਨੂੰ ਨਵੀਆਂ ਕੰਪਨੀਆਂ ਬਣਾਉਣ ਅਤੇ ਨਵੀਆਂ ਨੌਕਰੀਆਂ ਪੈਦਾ ਕਰਨ ਵਿੱਚ ਮਦਦ ਕਰਨ ਲਈ।
- ਇੱਕ ਨਵੀਂ DNA ਲੈਬ ਸਥਾਪਤ ਕਰਨ ਲਈ ਤਿੰਨ ਸਾਲਾਂ ਵਿੱਚ 8 ਮਿਲੀਅਨ ਡਾਲਰ, ਜਿਸ ਨਾਲ ਜਾਂਚ ਕਰਨ ਅਤੇ ਮੁਕੱਦਮੇ ਚਲਾਉਣ ਵਿੱਚ ਤੇਜ਼ੀ ਆਵੇਗੀ ਅਤੇ RCMP ਦੀ ਰਾਸ਼ਟਰੀ ਲੈਬ 'ਤੇ ਨਿਰਭਰਤਾ ਘਟੇਗੀ।
- ਪੁੱਜਤਯੋਗ ਚਾਈਲਡਕੇਅਰ/ਬੱਚਿਆਂ ਦੀ ਦੇਖਭਾਲ ਲਈ ਨਿਰੰਤਰ ਸਹਾਇਤਾ ਲਈ 2026-27 ਵਿੱਚ 2.1 ਬਿਲੀਅਨ ਡਾਲਰ, ਤਾਂ ਜੋ ਜ਼ਿਆਦਾ ਮਾਪੇ ਟਰੇਨਿੰਗ, ਸਿੱਖਿਆ ਅਤੇ ਕੰਮ ਦੇ ਮੌਕੇ ਪ੍ਰਾਪਤ ਕਰ ਸਕਣ।

"ਸਾਡੇ ਭਵਿੱਖ ਵਿੱਚ ਪੂੰਜੀ-ਨਿਵੇਸ਼ ਕਰਕੇ ਅਤੇ ਅਰਥਵਿਵਸਥਾ ਨੂੰ ਵਧਾ ਕੇ, ਐਲਬਰਟਾ ਦੀ ਸਰਕਾਰ ਐਲਬਰਟਾ ਨੂੰ ਰਹਿਣ, ਕੰਮ ਕਰਨ ਅਤੇ ਪਰਿਵਾਰ ਪਾਲਣ ਲਈ ਸਭ ਤੋਂ ਵਧੀਆ ਜਗ੍ਹਾ ਬਣਾ ਕੇ ਰੱਖ ਰਹੀ ਹੈ। ਅਸੀਂ ਕਾਰੋਬਾਰਾਂ ਨੂੰ ਵਧਣ ਅਤੇ ਨਿਰਯਾਤ ਕਰਨ ਵਿੱਚ ਮਦਦ ਕਰ ਰਹੇ ਹਾਂ, ਹੁਨਰਮੰਦ ਕਾਮਿਆਂ ਨੂੰ ਆਕਰਸ਼ਿਤ ਕਰ ਰਹੇ ਹਾਂ, ਇਮੀਗ੍ਰੇਸ਼ਨ ਲਈ ਇੱਕ ਵਧੇਰੇ ਟਿਕਾਊ, ਐਲਬਰਟਾ-ਕੇਂਦਰਿਤ ਪਹੁੰਚ ਨੂੰ ਅਗਾਂਹ ਵਧਾ ਰਹੇ ਹਾਂ, ਸੁਰੱਖਿਅਤ, ਨਿਰਪੱਖ ਅਤੇ ਸਿਹਤਮੰਦ ਕਾਰਜ ਸਥਾਨਾਂ ਦਾ ਸਹਿਯੋਗ ਕਰ ਰਹੇ ਹਾਂ ਅਤੇ ਸੂਬੇ ਭਰ ਵਿੱਚ ਮਜ਼ਬੂਤ, ਸਵਾਗਤੀ ਕਮਿਊਨਿਟੀਆਂ ਦਾ ਨਿਰਮਾਣ ਕਰ ਰਹੇ ਹਾਂ।"

*Joseph Schow, ਮਿਨਿਸਟਰ ਆਫ ਜੌਬਜ਼, ਇਕਾਨਮੀ, ਟਰੇਡ ਐਂਡ ਇੰਮੀਗਰੇਸ਼ਨ*

**ਪੋਸਟ-ਸੈਕੰਡਰੀ ਸਿੱਖਿਆ ਅਤੇ ਹੁਨਰ ਟਰੇਨਿੰਗ**

ਬੱਜਟ 2026 ਇੱਕ ਉੱਚ ਹੁਨਰਮੰਦ ਵਰਕ ਫੋਰਸ ਬਣਾਉਣ 'ਤੇ ਕੇਂਦਰਿਤ ਹੈ, ਜਿਸ ਵਿੱਚ ਇਹ ਸ਼ਾਮਲ ਹਨ:

- 2026-27 ਵਿੱਚ ਪੋਸਟ-ਸੈਕੰਡਰੀ ਕਾਰਜਾਂ ਲਈ 2.7 ਬਿਲੀਅਨ ਡਾਲਰ, 2025-26 ਤੋਂ 148 ਮਿਲੀਅਨ ਡਾਲਰ ਦਾ ਵਾਧਾ, ਤਾਂ ਜੋ ਐਲਬਰਟਾ ਦਾ ਪੋਸਟ-ਸੈਕੰਡਰੀ ਸਿਸਟਮ, ਸੈਕੰਡਰੀ ਤੋਂ ਬਾਅਦ ਦੀ ਸਿੱਖਿਆ ਨੂੰ ਬਦਲਣਾ ਅਤੇ ਆਧੁਨਿਕ ਬਣਾਉਣਾ ਜਾਰੀ ਰੱਖ ਸਕੇ ਜਦੋਂ ਕਿ ਇਹ ਸਿੱਖਿਆ ਪ੍ਰਾਪਤ ਕਰਨੀ ਚਾਹੁੰਣ ਵਾਲਿਆਂ ਲਈ ਇਹ ਪਹੁੰਚਯੋਗ ਅਤੇ ਪੁੱਜਤਯੋਗ ਬਣੀ ਰਹੇ।
- ਤਿੰਨ ਸਾਲਾਂ ਦੌਰਾਨ ਮੌਜੂਦਾ ਨਿਸ਼ਾਨਾਬੱਧ ਐਨਰੋਲਮੈਂਟ ਵਾਧੇ ਲਈ ਲਗਾਤਾਰ ਸਹਾਇਤਾ ਵਜੋਂ 353 ਮਿਲੀਅਨ ਡਾਲਰ, ਨਾਲ ਹੀ ਤਿੰਨ ਸਾਲਾਂ ਦੌਰਾਨ ਸਮਰੱਥਾ ਵਧਾਉਣ ਅਤੇ ਉਨ੍ਹਾਂ ਪ੍ਰੋਗਰਾਮਾਂ 'ਚ ਹੁਨਰ ਨੂੰ ਆਕਰਸ਼ਿਤ ਕਰਨ ਖਾਤਰ ਨਵੀਆਂ ਸੀਟਾਂ ਪੈਦਾ ਕਰਨ ਲਈ 148 ਮਿਲੀਅਨ ਡਾਲਰ ਵਧੀਕ, ਜਿੰਨ੍ਹਾਂ 'ਚ ਇੰਜਨੀਅਰਿੰਗ, ਸਿਹਤ-ਸੰਭਾਲ ਅਤੇ ਸਿੱਖਿਆ ਸ਼ਾਮਲ ਹਨ।
- ਯੂਨੀਵਰਸਿਟੀ ਆਫ਼ ਕੈਲਗਰੀ ਦੇ ਵੈਟਰਨਰੀ ਮੈਡੀਸਨ ਪ੍ਰੋਗਰਾਮ ਵਿੱਚ ਦਾਖਲੇ ਨੂੰ ਦੁੱਗਣਾ ਕਰਨ ਲਈ ਤਿੰਨ ਸਾਲਾਂ ਦੌਰਾਨ 83 ਮਿਲੀਅਨ ਡਾਲਰ।
- 2026-27 ਵਿੱਚ 1.3 ਬਿਲੀਅਨ ਡਾਲਰ ਐਲਬਰਟਾ ਵਿੱਚ ਵਿਦਿਆਰਥੀਆਂ ਨੂੰ ਲੋਨ, ਗ੍ਰਾਂਟਾਂ, ਸਕਾਲਰਸ਼ਿਪਾਂ ਅਤੇ ਪੁਰਸਕਾਰਾਂ ਰਾਹੀਂ ਪੋਸਟ-ਸੈਕੰਡਰੀ ਸਿੱਖਿਆ ਤੱਕ ਪਹੁੰਚ ਕਰਨ ਵਿੱਚ ਮਦਦ ਕਰਨ ਲਈ। ਇਸ ਵਿੱਚ ਸ਼ਾਮਲ ਹਨ:
  - ਬੁਨਿਆਦੀ ਸਿੱਖਿਆ ਦੀ ਸਹਾਇਤਾ ਕਰਨ ਲਈ ਸਹਾਇਤਾ ਗਰਾਂਟਾਂ ਰਾਹੀਂ 100 ਮਿਲੀਅਨ ਡਾਲਰ।
  - ਅਪ੍ਰੈਂਟਿਸਸ਼ਿਪ ਸੀਟ ਸਮਰੱਥਾ ਦੀ ਵਧੀ ਹੋਈ ਮੰਗ 'ਚ ਸਹਾਇਤਾ ਕਰਨ ਲਈ ਅਪ੍ਰੈਂਟਿਸਸ਼ਿਪ ਲਰਨਿੰਗ ਗਰਾਂਟ ਰਾਹੀਂ 96 ਮਿਲੀਅਨ ਡਾਲਰ। ਹੁਨਰਮੰਦ ਕਿੱਤਿਆਂ ਵਿੱਚ ਰਜਿਸਟਰਡ ਅਪ੍ਰੈਂਟਿਸ 78,000 ਤੋਂ ਵੱਧ ਦੇ ਰਿਕਾਰਡ ਉੱਚ ਪੱਧਰ 'ਤੇ ਪਹੁੰਚ ਗਏ ਹਨ।
  - ਵਿਦਿਆਰਥੀ ਸਹਾਇਤਾ ਗਰਾਂਟਾਂ ਵਿੱਚ 75 ਮਿਲੀਅਨ ਡਾਲਰ ਅਤੇ ਸਕਾਲਰਸ਼ਿਪਾਂ ਅਤੇ ਅਵਾਰਡਾਂ ਵਿੱਚ 36 ਮਿਲੀਅਨ ਡਾਲਰ ਵਧੀਕ।
  - ਪੋਸਟ-ਸੈਕੰਡਰੀ ਪੁੱਜਤਯੋਗਤਾ 'ਚ ਮਦਦ ਕਰਨ ਲਈ ਘੱਟ ਵਿਆਜ ਦਰਾਂ ਅਤੇ ਮੋੜਨ ਦੀਆਂ ਸਹਾਇਕ ਸ਼ਰਤਾਂ ਅਤੇ ਕੰਡੀਸ਼ਨਾਂ 'ਤੇ ਜਾਰੀ ਕੀਤੇ ਗਏ ਵਿਦਿਆਰਥੀ ਲੋ ਨਾਂ ਵਿੱਚ 887 ਮਿਲੀਅਨ ਡਾਲਰ।
- ਮਹੱਤਵਪੂਰਨ ਪੋਸਟ-ਸੈਕੰਡਰੀ ਫੈਸਿਲਿਟੀਆਂ ਲਈ ਤਿੰਨ ਸਾਲਾਂ ਵਿੱਚ 1.8 ਬਿਲੀਅਨ ਡਾਲਰ, ਜਿਸ ਵਿੱਚ ਕੈਪੀਟਲ ਪ੍ਰਾਜੈਕਟ, ਵੱਡੀ ਪੱਧਰ ਦੀ ਸਾਂਭ-ਸੰਭਾਲ ਅਤੇ ਨਵਿਆਉਣ ਦੀ ਫੰਡਿੰਗ, ਅਤੇ ਪੋਸਟ-ਸੈਕੰਡਰੀ ਸੰਸਥਾ ਦੇ ਸਵੈ-ਫਾਇਨੈਂਸ ਕੀਤੇ ਯੋਗਦਾਨ ਸ਼ਾਮਲ ਹਨ, ਜੋ ਵਿਦਿਆਰਥੀ ਸਮਰੱਥਾ ਦਾ ਵਿਸਤਾਰ ਕਰਦੇ ਹਨ ਅਤੇ ਇੱਕ ਹੁਨਰਮੰਦ ਵਰਕਫੋਰਸ ਨੂੰ ਵਿਕਸਤ ਕਰਨ ਵਿੱਚ ਮਦਦ ਕਰਦੇ ਹਨ। ਇਸ ਵਿੱਚ ਸ਼ਾਮਲ ਹਨ:

- 5500 ਸਿੱਖਿਆ ਸਥਾਨਾਂ ਨੂੰ ਵਧਾਉਣ ਦੁਆਰਾ ਐਲਬਰਟਾ ਦੀ ਹੁਨਰਮੰਦ ਕਿੱਤਿਆਂ ਅਤੇ ਤਕਨਾਲੋਜੀ ਪ੍ਰੋਫੈਸ਼ਨਲਾਂ ਦੀ ਵਧਦੀ ਮੰਗ ਨੂੰ ਪੂਰਾ ਕਰਨ ਲਈ NAIT ਐਡਵਾਂਸਡ ਸਕਿੱਲ ਸੈਂਟਰ ਲਈ ਤਿੰਨ ਸਾਲਾਂ ਵਿੱਚ 384 ਮਿਲੀਅਨ ਡਾਲਰ।
- ਲੇਕਲੈਂਡ ਕਾਲਜ ਬੀਫ ਯਾਰਡ ਅੱਪਗ੍ਰੇਡ ਅਤੇ ਹਾਰਸ ਪੈੱਨ ਰੀਲੋਕੇਸ਼ਨ ਲਈ 7 ਮਿਲੀਅਨ ਡਾਲਰ ਦੀ ਨਵੀਂ ਫੰਡਿੰਗ।
- ਬੋ ਵੈਲੀ ਕਾਲਜ ਵਿਚ ਸਿਹਤ ਪ੍ਰੋਗਰਾਮਾਂ ਦੇ ਵਿਸਤਾਰ ਦੀ ਯੋਜਨਾਬੰਦੀ ਲਈ 5 ਮਿਲੀਅਨ ਡਾਲਰ।
- ਮੈਡੀਸਨ ਹੈਟ ਕਾਲਜ ਵਿਚ ਸੈਂਟਰ ਫਾਰ ਕਮਿਊਨਿਟੀ ਵੈਲਨੈਸ ਦੀ ਯੋਜਨਾਬੰਦੀ ਲਈ 2 ਮਿਲੀਅਨ ਡਾਲਰ।
- ਕੈਲਗਰੀ ਯੂਨੀਵਰਸਿਟੀ ਵਿਚ ਮਲਟੀ-ਡਿਸਿਪਲਨਰੀ ਹੱਬ ਦੇ ਵਿਕਾਸ ਵਿੱਚ ਨਿਰੰਤਰ ਪੂੰਜੀ-ਨਿਵੇਸ਼ ਵਜੋਂ ਤਿੰਨ ਸਾਲਾਂ ਵਿੱਚ 160 ਮਿਲੀਅਨ ਡਾਲਰ, ਤਾਂ ਜੋ ਵਧੇਰੇ ਵਿਦਿਆਰਥੀਆਂ ਨੂੰ ਵਿਗਿਆਨ, ਤਕਨਾਲੋਜੀ, ਇੰਜੀਨੀਅਰਿੰਗ ਅਤੇ ਗਣਿਤ ਦੀਆਂ ਫੈਸਿਲਿਟੀਆਂ ਅਤੇ ਟਰੇਨਿੰਗ ਤੱਕ ਪਹੁੰਚ ਮਿਲ ਸਕੇ।
- ਮੈਕਈਵਾਨ ਯੂਨੀਵਰਸਿਟੀ - ਸਕੂਲ ਆਫ਼ ਬਿਜ਼ਨਸ ਲਈ ਇੱਕ ਨਵੀਂ ਇਮਾਰਤ ਦੇ ਵਿਕਾਸ ਲਈ ਦੋ ਸਾਲਾਂ ਵਿੱਚ 90 ਮਿਲੀਅਨ ਡਾਲਰ, ਜੋ 30,000 ਵਿਦਿਆਰਥੀਆਂ ਨੂੰ ਸਮਾ ਸਕੇ।
- ਐਲਬਰਟਾ ਯੂਨੀਵਰਸਿਟੀ ਵਿਚ ਬਾਇਓਲੋਜੀਕਲ ਸਾਇੰਸਜ਼ ਸੈਂਟਰ ਦੇ ਪੁਨਰ ਵਿਕਾਸ ਲਈ ਦੋ ਸਾਲਾਂ ਵਿੱਚ 70 ਮਿਲੀਅਨ ਡਾਲਰ, ਜੋ ਕਿ ਉੱਚ ਮੰਗ ਵਾਲੇ ਪ੍ਰੋਗਰਾਮਾਂ ਵਿੱਚ ਲਗਭਗ 3,200 ਥਾਵਾਂ ਪ੍ਰਦਾਨ ਕਰੇਗਾ।
- ਲੈੱਥਬ੍ਰਿਜ ਯੂਨੀਵਰਸਿਟੀ ਰੂਰਲ ਮੈਡੀਕਲ ਟੀਚਿੰਗ ਸਕੂਲ ਦੇ ਵਿਕਾਸ ਲਈ ਦੋ ਸਾਲਾਂ ਵਿੱਚ 35 ਮਿਲੀਅਨ ਡਾਲਰ, ਜੋ ਕਿ ਦੱਖਣ-ਪੂਰਬੀ ਐਲਬਰਟਾ ਵਿੱਚ ਸਿਹਤ-ਸੰਭਾਲ ਪ੍ਰੋਫੈਸ਼ਨਲਾਂ ਦੀ ਟਰੇਨਿੰਗ 'ਚ ਸਹਾਇਤਾ ਕਰਨਗੇ।
- ਕੈਪੀਟਲ ਮੇਨਟਿਨੈਂਸ ਅਤੇ ਮੁੜ-ਨਵਿਆਉਣ ਫੰਡਿੰਗ ਵਿਚ ਤਿੰਨ ਸਾਲਾਂ ਦੌਰਾਨ 483 ਮਿਲੀਅਨ ਡਾਲਰ।

"ਇੱਕ ਮਜ਼ਬੂਤ ਅਰਥਵਿਵਸਥਾ ਇੱਕ ਮਜ਼ਬੂਤ ਪੋਸਟ-ਸੈਕੰਡਰੀ ਸਿਸਟਮ ਨਾਲ ਸ਼ੁਰੂ ਹੁੰਦੀ ਹੈ। ਬੱਜਟ 2026 ਐਲਬਰਟਾ ਦੇ ਵਿਦਿਆਰਥੀਆਂ ਨੂੰ ਹੁਣ ਅਤੇ ਭਵਿੱਖ ਦੀਆਂ ਨੌਕਰੀਆਂ ਲਈ ਤਿਆਰ ਕਰਨ ਲਈ ਲੋੜੀਂਦੇ ਪ੍ਰੋਗਰਾਮਾਂ, ਟਰੇਨਿੰਗ ਸਥਾਨਾਂ ਅਤੇ ਕੈਂਪਸ ਇੰਫ੍ਰਾਸਟ੍ਰੱਕਚਰ ਵਿੱਚ ਪੂੰਜੀ-ਨਿਵੇਸ਼ ਕਰਦਾ ਹੈ। ਅਸੀਂ ਉੱਚ-ਮੰਗ ਵਾਲੇ ਖੇਤਰਾਂ ਵਿੱਚ ਸਮਰੱਥਾ ਵਧਾ ਰਹੇ ਹਾਂ, ਅਪ੍ਰੈਂਟਿਸਸ਼ਿਪਾਂ ਦਾ ਸਮਰਥਨ ਕਰ ਰਹੇ ਹਾਂ ਅਤੇ ਸਿੱਖਿਆ ਨੂੰ ਪਹੁੰਚਯੋਗ ਅਤੇ ਪੁੱਜਤਯੋਗ ਰੱਖ ਰਹੇ ਹਾਂ - ਕਿਉਂਕਿ ਜਦੋਂ ਐਲਬਰਟਾ ਵਾਸੀ ਸਫਲ ਹੁੰਦੇ ਹਨ, ਤਾਂ ਸਾਡਾ ਸੂਬਾ ਸਫਲ ਹੁੰਦਾ ਹੈ।"

*Myles McDougall, ਮਿਨਿਸਟਰ ਆਫ ਐਡਵਾਂਸਡ ਐਜੂਕੇਸ਼ਨ*

**ਕਮਿਊਨਿਟੀਆਂ ਦੀ ਸਹਾਇਤਾ ਕਰਨਾਂ**

ਬੱਜਟ 2026 ਸਥਾਨਕ ਇੰਫ੍ਰਾਸਟ੍ਰੱਕਚਰ ਲੋੜਾਂ, ਜਿੰਨ੍ਹਾਂ 'ਚ ਸੜਕਾਂ, ਪਾਣੀ ਪ੍ਰਬੰਧ, ਪੁਲ ਅਤੇ ਜ਼ਰੂਰੀ ਕਮਿਊਨਿਟੀ ਫੈਸਿਲਿਟੀਆਂ ਸ਼ਾਮਲ ਹਨ, 'ਚ 7.1 ਬਿਲੀਅਨ ਡਾਲਰ ਲਗਾਉਣ ਦੁਆਰਾ ਮਜ਼ਬੂਤ ਅਤੇ ਵਧੇਰੇ ਪੁਨਰ-ਸਥਾਪਨ-ਯੋਗ ਕਮਿਊਨਿਟੀਆਂ 'ਚ ਪੂੰਜੀ-ਨਿਵੇਸ਼ ਕਰਦਾ ਹੈ, ਜਿਸ ਵਿੱਚ ਸ਼ਾਮਲ ਹਨ:

- ਲੋਕਲ ਗਵਰਨਮੈਂਟ ਫਿਸਕਲ ਫਰੇਮਵਰਕ ਨੂੰ ਬਣਾਈ ਰੱਖਣ ਲਈ ਤਿੰਨ ਸਾਲਾਂ ਵਿੱਚ 2.6 ਬਿਲੀਅਨ ਡਾਲਰ ਮਿਊਂਸਪੈਲਿਟੀਆਂ ਨੂੰ ਅਨੁਮਾਨ-ਯੋਗ, ਸਥਿਰ ਫੰਡਿੰਗ ਵਜੋਂ ਪ੍ਰਦਾਨ ਕਰਦਾ ਹੈ, ਜਿਸ ਵਿੱਚ ਐਡਮਿੰਟਨ ਲਈ 563 ਮਿਲੀਅਨ ਡਾਲਰ ਅਤੇ ਕੈਲਗਰੀ ਲਈ 808 ਮਿਲੀਅਨ ਡਾਲਰ ਸ਼ਾਮਲ ਹਨ।
- ਐਮ ਡੀ ਆਫ ਲੇਸਰ ਸਲੇਵ ਰਿਵਰ 'ਚ ਮੌਜੂਦਾ ਸਮਿੱਥ ਬ੍ਰਿੱਜ ਨੂੰ ਵਿਸਥਾਪਤ ਕਰਨ ਲਈ 66 ਮਿਲੀਅਨ ਡਾਲਰ। ਇਹ ਪ੍ਰੋਜੈਕਟ ਸਲੇਵ ਲੇਕ ਖੇਤਰ ਵਿੱਚ ਸਥਾਨਕ ਉਦਯੋਗਾਂ ਅਤੇ ਨਿਵਾਸੀਆਂ ਲਈ ਪਹੁੰਚ ਵਿੱਚ ਸੁਧਾਰ ਕਰੇਗਾ।
- ਬਿਊਮੌਂਟ'ਜ਼ ਇਨੋਵੇਸ਼ਨ ਪਾਰਕ ਦੇ ਸਥਾਪਨ ਲਈ ਥਾਂ ਦੇ ਵਿਕਾਸ ਵਾਸਤੇ 39 ਮਿਲੀਅਨ ਡਾਲਰ।
- ਸੋਕੇ ਅਤੇ ਹੜ੍ਹ ਘਟਾਉਣ ਦੇ ਪ੍ਰੋਜੈਕਟਾਂ ਦੀ ਸਹਾਇਤਾ ਲਈ 103 ਮਿਲੀਅਨ ਡਾਲਰ, ਤਾਂ ਜੋ ਕਮਿਊਨਿਟੀਆਂ ਆਪਣੇ ਮੁੜ-ਸਥਾਪਨ 'ਚ ਲੰਮੇ ਸਮੇਂ ਦੇ ਸੁਧਾਰ ਲਿਆ ਸਕਣ।
- ਸੂਬੇ ਦੀ ਜੰਗਲੀ ਅੱਗਾਂ ਨੂੰ ਅਗੇਤਿਆਂ ਦਬਾਉਣ ਅਤੇ ਉਨ੍ਹਾਂ ਦੇ ਰਿਸਪਾਂਸ ਦੀ ਆਪਣੀ ਵਚਨਬੱਧਤਾ ਨੂੰ ਕਾਇਮ ਰੱਖਣ ਲਈ 38 ਮਿਲੀਅਨ ਡਾਲਰ ਦਾ ਵਾਇਲਡ ਫਾਇਰ ਪੂੰਜੀ-ਨਿਵੇਸ਼।

- ਇਸ ਵਿੱਚ ਪੰਜ ਹਵਾਈ ਟੈਂਕਰਾਂ ਲਈ ਵੱਡਾ ਸ਼ਾਮਲ ਨਹੀਂ ਹੈ, ਕਿਉਂਕਿ ਇਨ੍ਹਾਂ ਜਹਾਜ਼ਾਂ ਦੀ ਡਿਲਿਵਰੀ 2031 ਵਿੱਚ ਸ਼ੁਰੂ ਹੋਣ ਦੀ ਉਮੀਦ ਹੈ; ਇਸ ਲਈ, ਫੰਡਿੰਗ ਨੂੰ ਭਵਿੱਖ ਦੀਆਂ ਕੈਪੀਟਲ ਪਲੈਨਾਂ 'ਚ ਸ਼ਾਮਲ ਕੀਤਾ ਜਾਵੇਗਾ।
- ਪਬਲਿਕ ਸੁਰੱਖਿਆ ਅਤੇ ਐਮਰਜੈਂਸੀ ਬੁਨਿਆਦੀ ਇੰਫ੍ਰਾਸਟ੍ਰੱਕਚਰ ਲਈ 19 ਮਿਲੀਅਨ ਡਾਲਰ, ਜਿਸ ਵਿੱਚ ਐਲਬਰਟਾ ਫਸਟ ਰਿਸਪਾਂਡਰ ਰੇਡੀਓ ਕਮਿਊਨੀਕੇਸ਼ਨ ਸਿਸਟ ਅਤੇ ਵਾਤਾਵਰਣ ਨਿਗਰਾਨੀ ਸ਼ਾਮਲ ਹੈ।
- ਇਲੈਕਟ੍ਰਾਨਿਕ ਨਿਗਰਾਨੀ ਪ੍ਰੋਗਰਾਮ ਦਾ ਵਿਸਤਾਰ ਕਰਨ ਲਈ ਤਿੰਨ ਸਾਲਾਂ ਵਿੱਚ 21.2 ਮਿਲੀਅਨ ਡਾਲਰ, ਜਿਸ ਨਾਲ ਭਾਈਚਾਰਿਆਂ ਨੂੰ ਸੁਰੱਖਿਅਤ ਰੱਖਣ ਵਿੱਚ ਮਦਦ ਮਿਲੇਗੀ।

"ਇਹ ਬੱਜਟ ਅਸਲ ਚੁਣੌਤੀ ਦੇ ਸਮਿਆਂ 'ਚ ਲੋੜੀਂਦੀਆਂ ਔਖੀਆਂ ਪਰ ਜ਼ਿੰਮੇਵਰਾਨਾ ਚੋਣਾਂ ਨੂੰ ਦਰਸਾਉਂਦਾ ਹੈ। ਜ਼ਰੂਰੀ ਫੰਡਿੰਗ ਨੂੰ ਬਣਾਈ ਰੱਖਦਿਆਂ ਅਤੇ ਆਪਣੀਆਂ ਵਚਨਬੱਧਤਾਵਾਂ ਨੂੰ ਪੂਰਾ ਕਰਦਿਆਂ, ਅਸੀਂ ਭਵਿੱਖ ਲਈ ਨਿਰਮਾਣ ਕਰਦੇ ਹੋਏ ਅੱਜ ਕਮਿਊਨਿਟੀਆਂ ਨੂੰ ਸਹਾਇਤਾ ਦੇਣਾ ਜਾਰੀ ਰੱਖਦੇ ਹਾਂ।"
*Dan Williams, ਮਿਨਿਸਟਰ ਆਫ ਮਿਊਂਸਿਪਲ ਅਫੇਅਰਜ਼*

**ਊਰਜਾ, ਪਾਈਪਲਾਈਨਾਂ ਅਤੇ ਸਰੋਤ ਵਿਕਾਸ**

ਬੱਜਟ 2026 ਐਲਬਰਟਾ ਨੂੰ, ਹੇਠ ਲਿਖਿਆਂ ਸਹਿਤ, ਇਕ ਜ਼ਿੰਮੇਵਾਰ, ਭਰੋਸੇਯੋਗ ਊਰਜਾ ਉਤਪਾਦਨ ਦੇ ਗਲੋਬਲ ਲੀਡਰ ਵਜੋਂ ਬਣਾਈ ਰੱਖਣ ਵਿੱਚ ਮਦਦ ਕਰਦਾ ਹੈ:

- ਪੱਛਮੀ ਤੱਟ ਤੱਕ ਤੇਲ ਪਾਈਪਲਾਈਨ ਨੂੰ ਅੱਗੇ ਵਧਾਉਣ ਲਈ ਸ਼ੁਰੂਆਤੀ ਯੋਜਨਾਬੰਦੀ ਦੇ ਕੰਮ ਲਈ 2025-26 ਅਤੇ 2026-27 ਵਿੱਚ 15 ਮਿਲੀਅਨ ਡਾਲਰ। ਫੈਡਰਲ ਸਰਕਾਰ ਵੱਲੋਂ ਵਿਚਾਰ ਕਰਨ ਲਈ ਇਕ ਯੋਗ ਪ੍ਰਸਤਾਵ ਬਣਾਉਣ 'ਚ ਮਦਦ ਵਾਸਤੇ ਇਸ ਵਿਚ ਲਾਗਤ ਅਨੁਮਾਨ ਅਤੇ ਰੁਝੇਵੇਂ ਸ਼ਾਮਲ ਹਨ।
- ਬਿਟੂਮਨ ਰਾਇਲਟੀ ਇਨ ਕਾਇੰਡ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਸਿਸਟਮ ਸੁਧਾਰਾਂ ਲਈ ਫੰਡਿੰਗ।
  - ਇਸ ਪ੍ਰੋਗਰਾਮ ਲਈ ਸਿਸਟਮ ਅੱਪਗ੍ਰੇਡ ਦੀ ਲੋੜ ਹੈ ਜੋ ਸੂਬੇ ਨੂੰ ਤੇਲ ਦੀ ਸਭ ਤੋਂ ਉੱਚੀ ਗਲੋਬਲ ਕੀਮਤ ਪ੍ਰਾਪਤ ਕਰਨ ਅਤੇ ਨਿੱਜੀ ਪੂੰਜੀ-ਨਿਵੇਸ਼ ਨੂੰ ਉਤਸ਼ਾਹਿਤ ਕਰਨ ਵਿੱਚ ਮਦਦ ਕਰ ਸਕਦਾ ਹੈ।
- ਪ੍ਰਮਾਣੂ ਊਰਜਾ ਅਤੇ ਸੂਬਾਈ ਰੋਡਮੈਪ ਵਿਕਸਤ ਕਰਨ ਤੇ ਰੈਗੂਲੇਟਰੀ ਫਰੇਮਵਰਕ ਬਾਰੇ ਐਲਬਰਟਾ ਭਰ ਦੇ ਲੋਕਾਂ ਨਾਲ ਤਾਲਮੇਲ ਜਾਰੀ ਰੱਖਣ ਲਈ 530,000 ਡਾਲਰ।
- ਐਲਬਰਟਾ ਦੀ ਸਰਕਾਰ ਨਵਿਆਉਣਯੋਗ ਊਰਜਾ ਪ੍ਰੋਗਰਾਮ ਤੋਂ ਹੋਏ ਨੁਕਸਾਨ ਦੇ ਇੱਕ ਛੋਟੇ ਜਿਹੇ ਹਿੱਸੇ ਨੂੰ ਪੂਰਾ ਕਰਨ ਲਈ ਰੀਨਿਊਏਬਲ ਐਨਰਜੀ ਕਰੈਡਿਟਸ ਦੀ ਵਿਕਰੀ ਸ਼ੁਰੂ ਕਰੇਗੀ, ਜੋ ਕਿ ਪਿਛਲੀ ਸਰਕਾਰ ਦੁਆਰਾ ਪੇਸ਼ ਕੀਤਾ ਗਿਆ ਸੀ।

"ਸਾਡੀ ਅਰਥਵਿਵਸਥਾ ਸਾਡੇ ਜ਼ਿੰਮੇਵਾਰੀ ਨਾਲ ਪੈਦਾ ਕੀਤੇ ਗਏ ਤੇਲ ਅਤੇ ਗੈਸ ਦੁਆਰਾ ਚਲਾਈ ਚੱਲਦੀ ਹੈ, ਅਤੇ ਗਲੋਬਲ ਮੰਗ ਕਦੇ ਵੀ ਵੱਧ ਜਾਂ ਜ਼ਿਆਦਾ ਮਹੱਤਵਪੂਰਨ ਨਹੀਂ ਰਹੀ ਹੈ। ਬੱਜਟ 2026 ਵਿੱਚ ਊਰਜਾ ਖੇਤਰ ਵਿੱਚ ਅਸੀਂ ਜੋ ਪੂੰਜੀ-ਨਿਵੇਸ਼ ਕਰ ਰਹੇ ਹਾਂ ਉਹ ਇਹ ਯਕੀਨੀ ਬਣਾਏਗਾ ਕਿ ਅਸੀਂ ਹਸਪਤਾਲ, ਸਕੂਲ ਅਤੇ ਸੜਕਾਂ ਬਣਾਉਣ, ਅਤੇ ਆਉਣ ਵਾਲੀਆਂ ਪੀੜ੍ਹੀਆਂ ਲਈ ਇਸ ਸੂਬੇ ਨੂੰ ਬਿਜਲੀ ਪ੍ਰਦਾਨ ਸਕਣ ਦੇ ਯੋਗ ਹਾਂ।"
*Brian Jean, ਮਿਨਿਸਟਰ ਆਫ ਐਨਰਜੀ ਐਂਡ ਮਿਨਰਲਜ਼*

**ਵਪਾਰ ਅਤੇ ਵਿਭਿੰਨਤਾ ਦੀ ਸਹਾਇਤਾ ਕਰਨਾਂ**

ਬੱਜਟ 2026 ਐਲਬਰਟਾ ਦੀ ਆਰਥਿਕਤਾ ਨੂੰ ਵਿਭਿੰਨ ਬਣਾਉਣਾ ਅਤੇ ਕਾਰੋਬਾਰਾਂ ਲਈ ਮੌਕਿਆਂ ਦਾ ਵਿਸਤਾਰ ਕਰਨਾ ਹੇਠ ਲਿਖਿਆਂ ਸਹਿਤ ਜਾਰੀ ਰੱਖਦਾ ਹੈ:

# ਨਿਊਜ਼ ਰਿਲੀਜ਼

- ਕੋਆਪਰੇਟਿਵ ਸੀਡ ਪ੍ਰੋਸੈਸਰਜ਼ ਪ੍ਰੋਗਰਾਮ ਲਈ ਤਿੰਨ ਸਾਲਾਂ ਦੌਰਾਨ 9 ਮਿਲੀਅਨ ਡਾਲਰ, ਜਿਸ ਨਾਲ ਬੀਜ ਤਿਆਰ ਕਰਨ ਵਾਲੀਆਂ ਫੈਸਿਲਿਟੀਆਂ ਦੇ ਪੁਰਾਣੇ ਹੋ ਰਹੇ ਇੰਫ੍ਰਾਸਟ੍ਰੱਕਚਰ, ਸਾਜ਼-ਸਮਾਨ ਅਤੇ ਤਕਨਾਲੋਜੀ ਨੂੰ ਅੱਪਗਰੇਡ ਕੀਤਾ ਜਾਵੇਗਾ।
- ਤਿੰਨ ਸਾਲਾਂ ਵਿੱਚ 4.6 ਬਿਲੀਅਨ ਡਾਲਰ ਸੜਕਾਂ ਅਤੇ ਪੁਲਾਂ ਦੇ ਸੂਬਾਈ ਮਾਲਕੀ ਵਾਲੇ ਨੈੱਟਵਰਕ ਨੂੰ ਵਿਕਸਤ ਅਤੇ ਬਣਾਈ ਰੱਖਣ ਲਈ, ਜਿਹੜੇ ਐਲਬਰਟਾ ਭਰ 'ਚ ਮਿਊਸਿਪੇਲਿਟੀਆਂ ਅਤੇ ਕਮਿਊਨਿਟੀਆਂ ਨੂੰ ਜੋੜਦੇ ਅਤੇ ਇੰਡਸਟਰੀਅਲ, ਕਮਰਸ਼ੀਅਲ ਅਤੇ ਮੁਸਾਫ ਪ੍ਰਦਾਨ ਰੀ ਆਵਾਜਾਈ ਦੇ ਸੁਰੱਖਿਆ ਅਤੇ ਨਿਪੁੰਨ ਚੱਲਣ ਨੂੰ ਸਹਾਇਤਾ ਕਰਦੇ ਹਨ।
- ਆਰਥਿਕ ਵਿਕਾਸ ਅਤੇ ਵਪਾਰ ਲਈ 2026 ਵਿੱਚ 129 ਮਿਲੀਅਨ ਡਾਲਰ, ਜੋ ਪੂੰਜੀ-ਨਿਵੇਸ਼ ਨੂੰ ਖਿੱਚਣ ਅਤੇ ਅੰਦਰੂਨੀ ਤੇ ਅੰਤਰਰਾਸ਼ਟਰੀ ਵਪਾਰ ਨੂੰ ਵਧਾਉਣ 'ਚ ਸਹਾਇਤਾ ਪ੍ਰਦਾਨ ਕਰਨਗੇ।

**ਕਾਰੋਬਾਰ ਅਤੇ ਉਦਯੋਗ ਵਿੱਚ ਪੂੰਜੀ-ਨਿਵੇਸ਼**

ਬੱਜਟ 2026 ਹੇਠ ਲਿਖਿਆਂ ਦੁਆਰਾ ਬਿਜ਼ਨਸ ਵਾਧੇ, ਪੂੰਜੀ-ਨਿਵੇਸ਼ ਆਕਰਸ਼ਣ ਅਤੇ ਲੰਮੀ ਮਿਆਦ ਦੀ ਮੁਕਾਬਲੇਬਾਜ਼ੀ ਦਾ ਸਮਰਥਨ ਕਰਦਾ ਹੈ:

- ਇੰਡਿਜਨਸ ਅਗਵਾਈ ਵਾਲੇ ਪ੍ਰਾਜੈਕਟਾਂ ਨੂੰ ਇੰਡਿਜਨਸ ਰੀਕਾਂਸਿਲੀਏਸ਼ਨ ਇੰਨਿਸ਼ੀਟੇਵ ਅਤੇ ਐਬੂਰਿਜਨਲ ਬਿਜਨਸ ਐਨਵਿਸਟਮੈਂਟ ਫੰਡ ਦੁਆਰਾ ਸਹਾਇਤਾ ਕਰਨ ਲਈ ਤਿੰਨ ਸਾਲਾਂ ਦੌਰਾਨ 25 ਮਿਲੀਅਨ ਡਾਲਰ।
- ਸਥਾਨਕ ਵਿਕਾਸ ਅਤੇ ਨੌਕਰੀਆਂ ਪੈਦਾ ਕਰਨ ਲਈ ਛੋਟੇ-ਕਾਰੋਬਾਰਾਂ ਦੀ ਸਹਾਇਤਾ ਅਤੇ ਖੇਤਰੀ ਆਰਥਿਕ ਵਿਕਾਸ ਲਈ 20 ਮਿਲੀਅਨ ਡਾਲਰ।
- ਇਨੋਵੇਸ਼ਨ ਅਤੇ ਐਂਪਲਾਇਮੈਂਟ ਗਰਾਂਟ ਪ੍ਰੋਗਰਾਮ ਲਈ ਤਿੰਨ ਸਾਲਾਂ ਵਿੱਚ 385 ਮਿਲੀਅਨ ਡਾਲਰ ਜੋ ਸੂਬੇ ਵਿੱਚ ਖੋਜ ਅਤੇ ਵਿਕਾਸ ਵਿੱਚ ਯੋਗ ਨਿਵੇਸ਼ਾਂ ਲਈ ਛੋਟੇ ਅਤੇ ਦਰਮਿਆਨੇ ਆਕਾਰ ਦੇ ਕਾਰੋਬਾਰਾਂ ਨੂੰ ਵਾਪਸੀਯੋਗ ਟੈਕਸ ਕ੍ਰੈਡਿਟ ਪ੍ਰਦਾਨ ਕਰਦਾ ਹੈ।
- ਇੱਕ ਯਾਤਰੀ ਰੇਲ ਨੈੱਟਵਰਕ ਵਿਕਸਤ ਕਰਨ ਲਈ ਪੈਸੰਜਰ ਰੇਲ ਮਾਸਟਰ ਪਲੈਨ ਦੀ ਸਹਾਇਤਾ ਵਾਸਤੇ ਤਿੰਨ ਸਾਲਾਂ ਵਿੱਚ 15 ਮਿਲੀਅਨ ਡਾਲਰ।
- ਟ੍ਰੈਵਲ ਐਲਬਰਟਾ ਵਿੱਚ 76 ਮਿਲੀਅਨ ਡਾਲਰ ਦਾ ਪੂੰਜੀ-ਨਿਵੇਸ਼ ਜੋ ਨੌਕਰੀਆਂ ਪੈਦਾ ਕਰੇਗਾ ਅਤੇ ਪਰਿਵਾਰਕ ਮਾਲਕੀ ਵਾਲੇ ਕਾਰੋਬਾਰਾਂ ਅਤੇ ਮੂਲਵਾਸੀ-ਅਗਵਾਈ ਵਾਲੇ ਟੂਰਿਜ਼ਮ ਆਪਰੇਟਰਾਂ ਦੀ ਸਹਾਇਤਾ ਕਰੇਗਾ, ਸਥਾਨਕ ਅਰਥਚਾਰਿਆਂ ਨੂੰ ਵਧਣ-ਫੁੱਲਣ ਵਿੱਚ ਮਦਦ ਕਰੇਗਾ।
- ਕੁਕਿੰਗ ਲੇਕ ਏਅਰਪੋਰਟ ਅੱਡੇ ਦੇ ਰਨਵੇਅ ਅਤੇ ਐਪਰਨ ਖੇਤਰਾਂ ਦੇ ਇੱਕ ਵੱਡੇ ਪੁਨਰ ਸਥਾਪਨ ਲਈ 4 ਮਿਲੀਅਨ ਡਾਲਰ।
- ਬਿਊਮੋਂਟ 'ਚ ਇਨੋਵੇਸ਼ਨ ਪਾਰਕ ਦੇ ਸਥਾਪਨ ਲਈ ਥਾਂ ਦੇ ਵਿਕਾਸ ਵਾਸਤੇ ਤਿੰਨ ਸਾਲਾਂ ਦੌਰਾਨ 39 ਮਿਲੀਅਨ ਡਾਲਰ।
- ਐਲਬਰਟਾ ਪੈਟਰੋਕੈਮੀਕਲਜ਼ ਇਨਸੈਂਟਿਵ ਪ੍ਰੋਗਰਾਮ (ਏਪੀਆਈਪੀ) ਲਈ ਤਿੰਨ ਸਾਲਾਂ ਵਿੱਚ 87 ਮਿਲੀਅਨ ਡਾਲਰ ਜੋ ਪੂੰਜੀ-ਨਿਵੇਸ਼ ਨੂੰ ਆਕਰਸ਼ਿਤ ਕਰਦਾ ਹੈ ਅਤੇ ਇੱਕ ਗਲੋਬਲ ਪੈਟਰੋਕੈਮੀਕਲ ਉਤਪਾਦਕ ਵਜੋਂ ਐਲਬਰਟਾ ਦੀ ਸਥਿਤੀ ਦਾ ਸਮਰਥਨ ਕਰਦਾ ਹੈ।
  - ਹੁਣ ਤੱਕ, ਐਲਬਰਟਾ ਦੀ ਸਰਕਾਰ ਨੇ ਪੈਟਰੋਕੈਮੀਕਲ, ਹਾਈਡ੍ਰੋਜਨ ਅਤੇ ਸਿੰਥੈਟਿਕ ਫਿਊਲਾਂ ਵਿੱਚ 9.1 ਬਿਲੀਅਨ ਡਾਲਰ ਪ੍ਰਾਈਵੇਟ ਸੈਕਟਰ ਇਨਵੈਸਟਮੈਂਟ ਨੂੰ ਦਰਸਾਉਂਦੇ ਪੰਜ ਵੱਡੇ ਪ੍ਰੋਜੈਕਟਾਂ ਲਈ 647 ਮਿਲੀਅਨ ਡਾਲਰ ਦੀ ਵਚਨਬੱਧਤਾ ਕੀਤੀ ਹੈ।
- ਪ੍ਰੀਮੀਅਰਜ਼ ਇਨਵੈਸਟਮੈਂਟ ਕੌਂਸਲ ਸੈਕਰੇਟਰੀਅਟ ਦੀ ਸਿਰਜਣਾ ਲਈ 2026-27 ਵਿੱਚ 225,000 ਡਾਲਰ, ਜੋ ਸਰਕਾਰੀ ਵਿਭਾਗਾਂ ਅਤੇ ਮੁੱਖ ਭਾਈਵਾਲ ਏਜੰਸੀਆਂ ਵਿੱਚ ਪੂੰਜੀ-ਨਿਵੇਸ਼ ਖਿੱਚ ਲਈ ਇੱਕ ਵਧੇਰੇ ਸੰਗਠਿਤ ਅਤੇ ਰਣਨੀਤਕ ਪਹੁੰਚ ਨੂੰ ਸਮਰੱਥ ਬਣਾਏਗਾ, ਅਤੇ ਪ੍ਰਮੁੱਖ ਪੂੰਜੀ-ਨਿਵੇਸ਼ ਫਾਈਲਾਂ ਨੂੰ ਬਿਹਤਰ ਢੰਗ ਨਾਲ ਟਰੈਕ ਕਰੇਗਾ।

*ਬੱਜਟ 2026 ਵਿਦਿਆਰਥੀਆਂ ਅਤੇ ਕਲਾਸਰੂਮਾਂ, ਸਿਹਤ-ਸੰਭਾਲ ਅਤੇ ਆਰਥਿਕਤਾ 'ਚ ਨਿਸ਼ਾਨਾਂਬੱਧ ਪੂੰਜੀ-ਨਿਵੇਸ਼ ਸਹਿਤ ਉਨ੍ਹਾਂ ਚੀਜ਼ਾਂ 'ਤੇ ਕੇਂਦਰਿਤ ਹੈ ਜੋ ਮਹੱਤਵਪੂਰਨ ਹਨ, ਜਦ ਕਿ ਇਹ ਮਜ਼ਬੂਤ ਵਿੱਤੀ ਲੀਡਰਸ਼ਿੱਪ ਅਤੇ ਲਾਗਤਾਂ ਦੇ ਕੰਟਰੋਲ ਨੂੰ ਦਰਸਾਉਂਦਾ ਹੈ।*

# ਨਿਊਜ਼ ਰਿਲੀਜ਼

**ਸੰਬੰਧਿਤ ਜਾਣਕਾਰੀ**

- ਬੱਜਟ 2026

**ਮੀਡੀਆ ਇੰਨਕੁਆਰੀਆਂ**


Marisa Breeze
Marisa.Breeze@gov.ab.ca
780-235-4427
ਸੀਨੀਅਰ ਪ੍ਰੈੱਸ ਸੈਕਰੇਟਰੀ, ਟ੍ਰਇਜ਼ਰੀ ਬੋਰਡ ਐਂਡ ਫਾਇਨੈਂਸ

Josh Aldrich
Josh.Aldrich@gov.ab.ca
780-427-3740
ਸੀਨੀਅਰ ਪ੍ਰੈੱਸ ਸੈਕਰੇਟਰੀ, ਐਨਰਜੀ ਐਂਡ ਮਿਨਰਲਜ਼

Hunter Baril
Hunter.Baril@gov.ab.ca
780-644-8554
ਪ੍ਰੈੱਸ ਸੈਕਰੇਟਰੀ, ਜੌਬਜ਼, ਇਕਾਨਮੀ, ਟਰੇਡ ਐਂਡ ਇਮੀਗ੍ਰੇਸ਼ਨ

Jack Alarie
Jack.Alarie@gov.ab.ca
780-427-3744
ਪ੍ਰੈੱਸ ਸੈਕਰੇਟਰੀ, ਮਿਉਂਸਿਪਲ ਅਫੇਰਅਜ਼

Neil Singh
Neil.Singh@gov.ab.ca
780-644-7353
ਪ੍ਰੈੱਸ ਸੈਕਰੇਟਰੀ, ਐਡਵਾਂਸਡ ਐਜੂਕੇਸ਼ਨ